# जय बाबे दी बोल

ਜੈ ਬਾਬੇ ਦੀ ਬੋਲ ਭਗਤਾ, ਜੈ ਬਾਬੇ ਦੀ ਬੋਲ ॥
ਜਨਮ ਜਨਮ ਦੇ, ਪਾਪ ਕੱਟਣਗੇ,,, ॥,
*ਮਨ ਦਾ ਦਰਪਣ ਖੋਲ੍ਹ,,,
ਜੈ ਬਾਬੇ ਦੀ ਬੋਲ ਭਗਤਾ,,,,,,,,,,,,,,,

ਜਿੱਥੇ ਜੋਤ, ਜਗੇ ਬਾਬੇ ਦੀ, "ਬਾਬਾ ਫੇਰਾ ਪਾਵੇ" ।
ਸ਼ਰਧਾ ਨਾਲ, ਜੋ ਰੋਟ ਚੜ੍ਹਾਵੇ, "ਦੁੱਖ ਕਦੇ ਨਾ ਆਵੇ" ॥
ਮੋਹ ਮਾਇਆ ਵਿੱਚ, ਫੱਸ ਕੇ ਬੰਦੇ,,, ॥,
*ਆਪਣਾ ਆਪ ਨਾ ਰੋਲ਼,,,
ਜੈ ਬਾਬੇ ਦੀ ਬੋਲ ਭਗਤਾ,,,,,,,,,,,,,,,

ਰੋਗ ਸੋਗ, ਸੰਤਾਪ ਮਿਟਾਵੇ, "ਬਾਬਾ ਚਿਮਟੇ ਵਾਲਾ" ।
ਸਭ ਭਗਤਾਂ ਦੀ, ਆਸ ਪੁਜਾਵੇ, "ਸੁੰਦਰ ਗੁਫ਼ਾ ਵਾਲਾ" ॥
ਇੱਕ ਵਾਰੀ ਤੂੰ, ਬੋਲ ਜੈਕਾਰਾ,,, ॥,
*ਹੋ ਨਾ ਡਾਂਵਾਂਡੋਲ,,,
ਜੈ ਬਾਬੇ ਦੀ ਬੋਲ ਭਗਤਾ,,,,,,,,,,,,,,,

ਚਿਮਟੇ ਵਾਲਾ, ਸਿੰਗੀਆਂ ਵਾਲਾ, "ਬਾਬਾ ਧੂਣੇ ਵਾਲਾ" ।
ਆਪਣੇ ਭਗਤਾਂ, ਦੀ ਕਿਸਮਤ ਦਾ, "ਜੋਗੀ ਖੋਲ੍ਹੇ ਤਾਲਾ" ॥
ਚਰਨਾਂ ਦਾ, ਚਰਨਾਮਤ ਪੀ ਲੈ,,, ॥,
*ਬਹਿ ਚਰਨਾਂ ਦੇ ਕੋਲ,,,
ਜੈ ਬਾਬੇ ਦੀ ਬੋਲ ਭਗਤਾ,,,,,,,,,,,,,,,

ਸੱਚੀ ਸ਼ਰਧਾ, ਨਾਲ ਜੋ ਭਗਤੋ, "ਦਰ ਬਾਬੇ ਦੇ ਆਵੇ" ।
ਕੈਲਾਸ਼ ਨਾਥ ਕਹੇ, ਮੂੰਹ ਮੰਗਿਆ ਫ਼ਲ, "ਬਾਬਾ ਜੀ ਤੋਂ ਪਾਵੇ" ॥
ਏਹ ਜੀਵਨ, ਅਨਮੋਲ ਹੈ ਬੰਦਿਆ,,, ॥,
*ਮਿੱਟੀ ਵਿੱਚ ਨਾ ਰੋਲ਼,,,
ਜੈ ਬਾਬੇ ਦੀ ਬੋਲ ਭਗਤਾ,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27357/title/jai-babe-di-bol

अपने Android मोबाइल पर BhajanGanga App डाउनलोड करें और भजनों का आनंद ले |